ੴ ਸਤਿਗੁਰ ਪ੍ਰਸਾਦਿ ॥

# ਆਦਰਸ਼ਕ ਪ੍ਰਚਾਰਕ ਕੈਸਾ ਹੋਵੇ?

ਲੇਖਕ– ਸ੍ਰ: ਮਹਿੰਦਰ ਸਿੰਘ 'ਜੋਸ਼'

**ਪ੍ਰਕਾਸ਼ਕ :**

**ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ।**

**ਲਾਂਚ ਕਰਤਾ :**

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ

Lunched By :
Jasbir Singh
M. 99881-60484
62390-45985

Type Setting By :
Radhe Shyam Choudhary
9814966882

ਆਪ ਪੜੋ ਤੇ ਹੋਰਨਾਂ ਨੂੰ ਪੜ੍ਹਾਓ

Download Free

# ਆਦਰਸ਼ਕ ਪ੍ਰਚਾਰਕ ਕੈਸਾ ਹੋਵੇ?

**ਲੇਖਕ - ਸ੍ਰ: ਮਹਿੰਦਰ ਸਿੰਘ 'ਜੋਸ'**

ਸਿੱਖ ਕੌਮ ਦੀ ਤੇਜ਼ੀ ਨਾਲ ਨਿੱਘਰ ਰਹੀ ਹਾਲਤ ਨੂੰ ਡੱਕਾ ਲਾਉਣ ਲਈ ਕਈ ਨੁਕਤਿਆਂ 'ਤੇ ਸੋਚਣ ਦੀ ਲੋੜ ਹੈ। ਉਹਨਾਂ ਵਿਚੋਂ ਇਕ ਬਹੁਤ ਹੀ ਮਹੱਤਵਪੂਰਨ ਨੁਕਤਾ ਚੰਗੇ ਮਿਸ਼ਨਰੀ ਪੈਦਾ ਕਰਨ ਹੈ, ਜਿਸ ਵੱਲ ਸਾਡੀਆਂ ਧਰਮ ਪ੍ਰਚਾਰਕ ਅਖਵਾਉਣ ਵਾਲੀਆਂ ਜਥੇਬੰਦੀਆਂ ਨੇ ਘੱਟ ਹੀ ਧਿਆਨ ਦਿੱਤਾ ਹੈ। ਕੁਝ ਇਕ ਜਥੇਬੰਦੀਆਂ ਨੇ ਵੱਖਰੀ ਵੱਖਰੀ ਟਾਹਣੀ ਨੂੰ ਪਕੜ ਕੇ ਠੀਕ ਕਰਨ ਦਾ ਯਤਨ ਕੀਤਾ ਪਰ ਪੁਖਤਾ ਹੱਲ ਇਹ ਹੈ ਕਿ ਰੁੱਖ ਦੀ ਜੜ੍ਹ ਨੂੰ ਠੀਕ ਕਰ ਦਿੱਤਾ ਜਾਵੇ, ਸਾਰੀਆਂ ਟਹਿਣੀਆਂ ਆਪੇ ਹੀ ਪ੍ਰਫੁਲਤ ਹੋ ਜਾਣਗੀਆਂ।

ਇਸ ਲੇਖ ਵਿਚ ਅਸੀਂ ਕੁਝ ਗੱਲਾਂ ਗੁਰਮਤਿ ਪ੍ਰਚਾਰਕਾਂ ਬਾਰੇ ਸਪੱਸ਼ਟ ਕਰਨ ਦਾ ਯਤਨ ਕਰਾਂਗੇ ਕਿ ਮੌਜੂਦਾ ਸਮੇਂ ਸਾਡੇ ਪ੍ਰਚਾਰਕ ਕਿਸ ਤਰ੍ਹਾਂ ਦੇ ਹਨ ਅਤੇ ਗੁਰਮਤਿ ਪ੍ਰਚਾਰਕ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਇਸ ਸੰਬੰਧ ਵਿਚ ਸਹੀ ਅਗਵਾਈ ਅਸੀਂ ਆਪਣੇ ਪੁਰਾਤਨ **'ਗੁਰਮਤਿ ਪ੍ਰਚਾਰਕਾਂ'** ਤੋਂ ਲੈ ਸਕਦੇ ਹਾਂ।

ਇਸ ਗੱਲ ਨਾਲ ਤਾਂ ਹੁਣ ਸਭ ਸਹਿਮਤ ਹਨ ਕਿ ਸਾਡੇ ਇਸ ਗੁਰਸਿੱਖੀ ਜੀਵਨ ਸੰਬੰਧੀ ਗੁਰਸਿੱਖਾਂ ਵਾਲੀ ਦ੍ਰਿੜ੍ਹਤਾ ਨਹੀਂ ਰਹੀ। ਕਿਸੇ ਟਾਵੀ ਥਾਂ ਨੂੰ ਛੱਡ ਕੇ ਪੂਰਨ ਗੁਰਸਿੱਖੀ ਦਾ ਦਰਸ਼ਨ ਹੋਣਾ ਹੀ ਦੁਰਲਭ ਹੋਇਆ ਪਿਆ ਹੈ। ਫਿਰ ਇੱਕ ਜਾਂ ਦੂਜੇ ਕਾਰਨਾਂ ਕਰਕੇ ਨਵੀਂ ਪੀੜ੍ਹੀ ਦੇ ਪਤਿਤ ਹੋਣ ਅਥਵਾ ਮਤ ਛੱਡ ਕੇ ਹੋਰਨਾਂ ਵਿਚ ਜਾ ਵੜਨ ਦੀਆਂ ਵਾਰਦਾਤਾਂ ਵਿਚ ਇਤਨੀ ਤੇਜ਼ੀ ਨਾਲ ਵਾਧਾ ਹੁੰਦਾ ਜਾ ਰਿਹਾ ਹੈ, ਕਿ ਸਪੱਸ਼ਟ ਤੌਰ 'ਤੇ ਸਿੱਖੀ ਦੇ ਭਵਿੱਖ ਸੰਬੰਧੀ ਸ਼ੰਕਾ ਪੈਦਾ ਹੋ ਚੁੱਕਾ ਹੈ। ਆਚਰਨਕ ਦ੍ਰਿੜ੍ਹਤਾ ਤੇ ਗਿਣਤੀ ( **Quality** ਅਤੇ **Quantity** ) ਦੋਹਾਂ ਹੀ ਪਹਿਲੂਆਂ ਤੋਂ ਅਸੀਂ ਬੜੀ ਤੇਜ਼ੀ ਨਾਲ ਡਿਗ ਰਹੇ ਹਾਂ।

ਸਾਡੇ ਆਚਰਨ ਦਾ ਮਿਆਰ ਉਹ ਨਾ ਰਿਹਾ, ਜਿਸ 'ਤੇ ਸਾਨੂੰ ਸਦਾ ਮਾਣ ਰਿਹਾ ਹੈ। ਸਦਾਚਾਰਕ ਗੁਣ ਸਾਡੇ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ। ਸ਼ਰਾਬ, ਤੰਬਾਕੂ, ਆਚਰਨਹੀਣਤਾ ਅਤੇ ਮਾਦਾ-ਪ੍ਰਸਤੀ (**Materialism**) ਦੀਆਂ ਲਾਹਨਤਾਂ ਸਾਡੇ ਵਿਚ ਘਰ ਕਰਦੀਆਂ ਜਾ ਰਹੀਆਂ ਹਨ। ਗੁਰਬਾਣੀ, ਗੁਰਮਤਿ ਅਸੂਲਾਂ ਤੇ ਰਹਿਤ ਬਹਿਤ ਵਾਲੇ ਜੀਵਨ ਤੋਂ ਜਰਨਲ ਤੌਰ 'ਤੇ ਅਰੁਚੀ ਜਿਹੀ ਪਸਰ ਰਹੀ ਹੈ। ਉੱਤੋਂ ਮੁਸੀਬਤ ਇਹ ਹੈ ਕਿ ਕੌਮ ਨੂੰ ਇਸ ਅਧੋਗਤੀ ਤੋਂ ਬਚਾਉਣ ਵਾਲਾ ਅਥਵਾ ਇਸ ਗਿਰਾਵਟ ਨੂੰ ਠੱਲ੍ਹ ਪਾਉਣ ਵਾਲਾ ਕੋਈ ਪ੍ਰਭਾਵਸ਼ਾਲੀ ਵਸੀਲਾ ਤੇ ਕੋਈ ਉਪਰਾਲਾ ਨਜ਼ਰ ਨਹੀਂ ਆ ਰਿਹਾ। ਕੌਮ ਦੀ ਧਾਰਮਿਕ ਤੇ ਪੁਲੀਟੀਕਲ ਲੀਡਰਸ਼ਿਪ ਸਪੱਸ਼ਟ ਤੌਰ 'ਤੇ ਕੁਰਾਹੇ ਪਈ ਹੋਈ ਹੈ। ਨਵੀਂ ਪੀੜ੍ਹੀ ਵਿਚ ਪੁਲੀਟੀਕਲ ਕਾਰਨਾਂ ਕਰਕੇ ਅਥਵਾ ਬਹੁਗਿਣਤੀ ਦੀਆਂ ਫਿਰਕੂਰੁਚੀਆਂ ਕਰਕੇ ਆਤਮਹੀਣਤਾ ਦੀ ਭਾਵਨਾ (**Inferiority Complex**) ਐਸੀ ਤੇਜ਼ੀ ਨਾਲ ਵਧੀ ਹੈ ਕਿ ਉਸ ਨੇ ਗੁੱਝੇ ਤੌਰ 'ਤੇ

ਨਵੀਂ ਪੀੜ੍ਹੀ ਨੂੰ ਬੇ-ਹੌਂਸਲਾ ਜਿਹਾ ਤੇ ਅੰਦਰੋਂ ਖੋਖਲਾ ਜਿਹਾ ਕਰ ਛੱਡਿਆ ਹੈ। ਸਿੱਖੀ ਦੇ ਭਵਿੱਖ ਬਾਰੇ ਤੌਖ਼ਲਾ ਪੈਦਾ ਹੋਣਾ ਸੁਭਾਵਿਕ ਹੀ ਹੈ।

ਸਿੱਖਾਂ ਵਿਚ ਅੱਡਰੇ ਤਰੀਕਿਆਂ ਨਾਲ ਪ੍ਰਚਾਰ ਸੰਬੰਧੀ ਸੇਵਾ ਕਰਨ ਵਾਲਿਆਂ ਵਿਚ ਸਾਡੇ ਗ੍ਰੰਥੀ, ਰਾਗੀ, ਢਾਡੀ, ਕਥਾਵਾਚਕ ਤੇ ਲੈਕਚਰਾਰ ਸਾਹਿਬਾਨ ਅਰ ਕੁਝ ਆਜ਼ਾਦ ਜਿਹੇ ਅਤੇ ਕੁਝ ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿਕ ਭੇਖਾਂ ਦੇ ਸੰਤ ਸਾਹਿਬਾਨ ਲਏ ਜਾ ਸਕਦੇ ਹਨ। ਕੌਮ ਵਿਚ ਧਰਮ ਦਾ ਪ੍ਰਚਾਰ ਅਤੀ ਘਟੀਆ ਪੱਧਰ ਦਾ **'ਮਿਸ਼ਨਰੀ'** ਸਾਡੇ ਮਹਾਨ ਮਤ ਦੇ ਪ੍ਰਚਾਰ ਉੱਤੇ ਛਾਇਆ ਹੋਇਆ ਹੈ। ਟਾਂਵੇਂ ਨੂੰ ਛੱਡ ਕੇ ਜ਼ਿਆਦਾਤਰ ਉਹ ਬੰਦੇ ਸਾਡੇ ਪ੍ਰਚਾਰ ਖੇਤਰ ਵਿਚ ਆ ਵੜੇ ਹਨ, ਜੋ ਧਰਮ ਪ੍ਰਚਾਰ ਦੀ ਸੇਵਾ ਕਰਨ ਦੇ ਉੱਕੇ ਹੀ ਕਾਬਲ ਨਹੀਂ। ਨਾ ਤਾਂ ਉਹ ਰਹਿਣੀ ਬਹਿਣੀ ਅਥਵਾ ਅਮਲੀ ਜੀਵਨ ਦੇ ਮਾਲਕ ਹਨ ਤੇ ਨਾ ਹੀ ਬਹੁਤੇ ਪੜ੍ਹੇ ਲਿਖੇ। ਫਿਰ ਨਾ ਤਾਂ ਉਹਨਾਂ ਵਿਚ ਪ੍ਰਚਾਰ ਕਰਨ ਲਈ ਕੋਈ ਲਗਨ ਜਾਂ ਤੜਪ ਹੈ ਤੇ ਨਾ ਹੀ ਐਸੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਹਨ ਜੋ ਅੱਜ ਦੇ ਆਮ ਜਗਿਆਸੂ ਨੂੰ ਇਹ ਮਤ ਧਾਰਨ ਕਰਨ ਲਈ ਕਾਇਲ (**Convince**) ਕਰ ਸਕੇ।

ਜੇ ਸਾਡੀ ਕੌਮ ਪਾਸ ਅੱਜ ਯੋਗ, ਉਤਸ਼ਾਹੀ ਤੇ ਲਗਨ ਵਾਲੇ ਧਰਮ ਪ੍ਰਚਾਰਕ ਹੁੰਦੇ ਤਾਂ ਉਹ ਕੌਮ ਦਾ ਬਹੁਤ ਕੁਝ ਸਵਾਰ ਸਕਦੇ ਸਨ। ਮੌਜੂਦਾ ਪੀੜ੍ਹੀ ਵਿਚ ਧਰਮ ਪ੍ਰਚਾਰ ਕਰਨ ਦੇ ਨਾਲ-ਨਾਲ ਅਗਲੀ ਪੀੜ੍ਹੀ ਦੀ ਧਾਰਮਕ ਅਵਸਥਾ ਘੜਨ ਵਿਚ ਕੇਵਲ ਚੰਗੇ ਮਿਸ਼ਨਰੀ ਹੀ ਸਮਰੱਥ ਹੋ ਸਕਦੇ ਹਨ। ਕੇਵਲ ਯੋਗ ਤੇ ਸਿਆਣੇ ਪ੍ਰਚਾਰਕ ਹੀ ਕੌਮ ਦੇ ਭਵਿੱਖ ਦੀ ਧਾਰਮਕ, ਸਮਾਜਕ, ਭਾਈਚਾਰਕ ਤੇ ਪੁਲੀਟੀਕਲ ਵਿਚਾਰਧਾਰਾ ਨੂੰ ਸਹੀ ਸੇਧ ਦੇ ਸਕਦੇ ਹਨ। ਜੇ ਸੱਚ ਪੁਛੋ ਤਾਂ ਚੰਗੇ ਸਟੈਂਡਰਡ ਦੇ ਪ੍ਰਚਾਰਕ, ਸਾਡੇ ਧਾਰਮਕ ਅਤੇ ਰਾਜਸੀ ਖੇਤਰਾਂ ਵਿਚ ਛਾਏ ਨਾਮ-ਧਰੀਕ ਲੀਡਰਾਂ ਤੇ ਚੌਧਰੀਆਂ ਤੱਕ ਨੂੰ ਆਪਣੀਆਂ ਗ਼ਲਤ ਨੀਤੀਆਂ ਤੇ ਗ਼ਲਤ ਰਸਤਿਆਂ ਤੋਂ ਹੋੜ ਕੇ ਕੌਮ ਨੂੰ ਹੋ ਰਹੇ ਨੁਕਸਾਨ ਤੋਂ ਬਚਾ ਸਕਦੇ ਸਨ, ਪਰ ਕਾਸ਼! ਕੌਮ ਪਾਸ ਐਸੇ ਪ੍ਰਚਾਰਕ ਹੁੰਦੇ।

ਜੇ ਸਾਡੇ ਮੌਜੂਦਾ ਪ੍ਰਚਾਰ ਪ੍ਰਬੰਧ (**Missionary Organisation**) ਵਿਚ ਖੋਜੀ, ਉਤਸ਼ਾਹੀ ਤੇ ਲਗਨ ਵਾਲੇ ਮਿਸ਼ਨਰੀ ਨਹੀਂ ਹਨ ਅਰ ਜੇ ਸਾਡੇ ਆਮ ਮਿਸ਼ਨਰੀ ਵਿਚ ਲੋੜੀਂਦੇ ਗੁਣ ਨਹੀਂ ਹਨ ਤਾਂ ਉਸ ਲਈ ਕੇਵਲ ਸਾਡਾ ਪ੍ਰਚਾਰਕ ਤਬਕਾ ਹੀ ਜ਼ਿੰਮੇਵਾਰ ਨਹੀਂ, ਉਸ ਲਈ ਬਹੁਤ ਹੱਦ ਤੱਕ ਜ਼ਿੰਮੇਵਾਰੀ ਸਾਰੀ ਕੌਮ ਉਤੇ ਆਉਂਦੀ ਹੈ। ਸਹੀ ਅਰਥਾਂ ਵਿਚ ਕੌਮ ਪਾਸ ਐਸੀ ਕੋਈ ਸੰਸਥਾ ਨਹੀਂ ਜੋ ਸਾਡੇ ਪ੍ਰਚਾਰਕਾਂ ਦੀਆਂ **ਰੋਟੀ, ਕਪੜਾ, ਮਕਾਨ** ਆਦਿ ਦੀਆਂ ਲੋੜਾਂ ਪੂਰੀਆਂ ਕਰਦੀ ਅਤੇ ਉਹਨਾਂ ਦੇ ਪਰਿਵਾਰ ਅਥਵਾ ਬਾਲ ਬੱਚਿਆਂ ਨੂੰ ਲੋੜੀਂਦੀਆਂ ਸਹੂਲਤਾਂ ਦੇ ਕੇ ਉਹਨਾਂ ਨੂੰ ਇਸ ਪੱਖੋਂ ਨਿਸਚਿੰਤ ਹੋ ਕੇ ਪਰਚਾਰ ਕਰਨ ਦੇ ਯੋਗ ਬਣਾਉਂਦੀ। ਜਿਨ੍ਹਾਂ ਗੁਰਦੁਆਰਿਆਂ ਨੇ ਆਪਣੇ ਗ੍ਰੰਥੀ ਸਾਹਿਬਾਨ, ਰਾਗੀਆਂ ਆਦਿ ਵਾਸਤੇ ਸਹੂਲਤਾਂ ਦਾ ਪ੍ਰਬੰਧ ਕੀਤਾ ਵੀ ਹੈ ਤਾਂ

ਇਹ ਪ੍ਰਚਾਰਕ ਮਿਹਨਤ ਕਰਨ ਨੂੰ ਤਿਆਰ ਨਹੀਂ ਹਨ। ਵੱਡਾ ਕਾਰਨ ਇਹ ਹੈ ਕਿ ਪ੍ਰਚਾਰਕਾਂ ਦੀ ਬਹੁਗਿਣਤੀ ਨੇ ਸਿੱਖਾਂ ਅੰਦਰ ਐਸੀਆਂ ਮਨਮਤਾਂ ਤੇ ਕਰਮਕਾਂਡਾਂ ਦਾ ਜਾਲ ਵਿਛਾ ਦਿੱਤਾ ਹੈ ਕਿ ਆਮ ਗੁਰਸਿੱਖ ਅਸਲੀ ਸਿੱਖੀ ਨੂੰ ਸਮਝਣ ਦੇ ਅਸਮਰਥ ਹੋ ਗਿਆ ਹੈ। ਜਿਸ ਦੇ ਫਲਸਰੂਪ ਜੇ ਕੋਈ ਪ੍ਰਚਾਰਕ ਤੱਤ ਗੁਰਮਤਿ ਦਾ ਦਿਆਨਤਦਾਰੀ ਨਾਲ ਪ੍ਰਚਾਰ ਕਰਨਾ ਵੀ ਚਾਹ ਤਾਂ ਸਿੱਖ ਸੰਗਤਾਂ ਉਸ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ। ਆਮ ਪ੍ਰਚਾਰਕਾਂ ਵਿਚ ਨਿੱਜੀ ਲਾਭਾਂ ਦੀ ਕੁਰਬਾਨੀ ਕਰਕੇ, ਗੁਰਮਤਿ ਦੇ ਅਸੂਲਾਂ ਦਾ ਨਿਡਰ ਹੋ ਕੇ ਪ੍ਰਚਾਰਕ ਤੱਤ ਗੁਰਮਤਿ ਦਾ ਦਿਆਨਤਦਾਰੀ ਨਾਲ ਪ੍ਰਚਾਰ ਕਰਨਾ ਵੀ ਚਾਹੇ ਤਾਂ ਸਿੱਖ ਸੰਗਤਾਂ ਉਸ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ। ਆਮ ਪ੍ਰਚਾਰਕਾਂ ਵਿਚ ਨਿੱਜੀ ਲਾਭਾਂ ਦੀ ਕੁਰਬਾਨੀ ਕਰਕੇ, ਗੁਰਮਤਿ ਦੇ ਅਸੂਲਾਂ ਦਾ ਨਿਡਰ ਹੋ ਕੇ ਪ੍ਰਚਾਰ ਕਰਨ ਦਾ ਮਾਦਾ ਘੱਟ ਹੀ ਹੈ ਬਲਕਿ ਉਹ ਨਿੱਤ ਨਵੀਆਂ ਚਲਾਕੀਆਂ ਸੋਚਦੇ ਰਹਿੰਦੇ ਹਨ ਤਾਂ ਕਿ ਸੰਗਤ ਪਾਸੋਂ ਵੱਧ ਤੋਂ ਵੱਧ ਮਾਇਆ ਬਟੋਰੀ ਜਾ ਸਕੇ। ਐਸੇ ਪ੍ਰਚਾਰਕਾਂ ਨੂੰ ਕੁਝ ਰੁਪਏ ਭੇਟ ਕਰ ਕੇ ਸੰਗਤਾਂ ਆਪਣੀਆਂ ਸਾਰੀਆਂ ਮਨਮਤਾਂ ਨੂੰ ਪ੍ਰਵਾਨ ਕਰਵਾ ਲੈਂਦੀਆਂ ਹਨ। ਵਿਆਹ-ਸ਼ਾਦੀਆਂ ਤੇ ਅੰਤਮ ਸੰਸਕਾਰਾਂ ਸਮੇਂ ਅਤੇ ਹੋਰ ਧਾਰਮਿਕ ਸਮਾਗਮਾਂ ਕੇ ਮੌਕੇ ‘ਤੇ ਸਾਡੇ ਪ੍ਰਚਾਰਕਾਂ ਦਾ ਫਰਜ਼ ਬਣਦਾ ਹੈ ਕਿ ਉਹ ਗੁਰਮਤਿ ਵਿਰੋਧੀ ਕਰਮ-ਕਾਂਡਾਂ ਜਾਂ ਰੀਤਾਂ-ਰਸਮਾਂ ਦਾ ਭਰਵਾਂ ਖੰਡਨ ਕਰਦੇ ਤੇ ਜੇ ਕੁਝ ਸੁਧਾਰ ਨਾ ਕਰਵਾ ਸਕਦੇ ਤਾਂ ਬਾਈਕਾਟ (**boycott**) ਕਰਦੇ, ਪਰ ਇਹਨਾਂ ਨੇ ਮਾਇਆ ਦੇ ਲਾਲਚ ਕਾਰਨ ਪਤਿਤਾਂ, ਬੇ-ਅੰਮ੍ਰਿਤੀਆਂ ਤੇ ਗ਼ੈਰ- ਸਿੱਖਾਂ ਨਾਲ ਸਿੱਖ ਬੀਬੀਆਂ ਦੇ ਅਨੰਦ ਕਾਰਜ, ਜੈ ਮਾਲਾ, ਅੰਤਮ ਸੰਸਕਾਰਾਂ ਸਮੇਂ ਰਜਾਈਆਂ, ਤੁਲਾਈਆਂ, ਭਾਂਡੇ, ਫਲ ਅਤੇ ਸਰਾਧ, ਪਿੱਤਰ ਪੂਜਾ ਆਦਿ, ਮੱਸਿਆ।

*Waheguru ji ka Khalsa, Waheguru Ji Ki Fateh.*